# ਪੰਜਾਬ ਦੇ ਆਪੋਜ਼ੀਸ਼ਨ ਨੇਤਾ ਨੂੰ ਫਿਰੌਤੀ ਲਈ ਅਗਵਾ ਤੇ ਦੂਜੇ ਅਗਵਾ ਦਾ ਫਰਕ ਵੀ ਨਹੀਂ ਪਤਾ : ਕੈਪਟਨ





ਚੰਡੀਗੜ੍ਹ, 7 ਸਤੰਬਰ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਵੱਲੋਂ ਇਸ ਰਾਜ ਵਿਚਲੀ ਅਮਨ-ਕਾਨੂੰਨ ਦੀ ਵਿਵਸਥਾ ਬਾਰੇ ਬਿਆਨਬਾਜ਼ੀ ਨੂੰ ਕਰੜੇ ਹੱਥੀਂ ਲੈਂਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਲਈ ਆਮ ਆਦਮੀ ਪਾਰਟੀ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦੀ ਸਾਲ 2022 ਦੇ ਚੋਣ ਮੈਦਾਨ ਨੂੰ ਜਿੱਤਣ ਲਈ ਇਹ ਬਦਹਵਾਸੀ ਭਰੀ ਕੋਸ਼ਿਸ਼ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਵਿਰੋਧੀ ਧਿਰ ਦੇ ਨੇਤਾ, ਜੋ ਖੁਦ ਇੱਕ ਵਕੀਲ ਹਨ, ਉੱਤੇ ਟਿੱਪਣੀ ਕਰਦਿਆਂ ਕਿਹਾ ਹੈ ਕਿ ਕੀ ਉਨ੍ਹਾਂ ਨੂੰ ਫਿਰੌਤੀ ਲਈ ਅਗਵਾ ਅਤੇ ਹੋਰ ਅਗਵਾ ਦੇ ਕੇਸਾਂ ਦੇ ਫਰਕ ਦਾ ਪਤਾ ਨਹੀਂ। ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਵੱਲੋਂ ਪੰਜਾਬ ਵਿੱਚ ਅਗਵਾ ਦੇ ਵਧਦੇ ਕੇਸਾਂ ਬਾਰੇ ਲਏ ਬੇਬੁਨਿਆਦ ਦੋਸ਼ਾਂ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਵਿਰੋਧੀ ਧਿਰ ਦੇ ਨੇਤਾ ਦੇ ਗੈਰ-ਜ਼ਿੰਮੇਵਾਰਾਨਾ ਵਿਹਾਰ ਉੱਤੇ ਹੈਰਾਨੀ ਪ੍ਰਗਟ ਕੀਤੀ ਤੇ ਕਿਹਾ, ਇੱਧਰੋਂ-ਉਧਰੋਂ ਗ਼ੈਰ-ਪ੍ਰਵਾਨਤ ਅੰਕੜੇ ਇਕੱਠੇ ਕਰਨ ਦੀ ਥਾਂ ਹਰਪਾਲ ਸਿੰਘ ਚੀਮਾ ਸੱਚਾਈ ਹਾਸਲ ਕਰਨ ਲਈ ਡੀ ਜੀ ਪੀ ਤਕ ਪਹੁੰਚ ਕਰ ਸਕਦੇ ਸਨ, ਜੋ ਉਨ੍ਹਾਂ ਦੇ ਪ੍ਰੈਸ ਨੋਟ ਵਿੱਚ ਜਾਰੀ ਕੀਤੇ ਅੰਕੜਿਆਂ ਤੋਂ ਬਿਲਕੁੱਲ ਵੱਖ ਹਨ।ਮੁੱਖ ਮੰਤਰੀ ਨੇ ਕਿਹਾ ਕਿ ਚੀਮਾ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਆਮ ਆਦਮੀ ਪਾਰਟੀ ਦੀ ਵਿਚਾਰਧਾਰਾ ਝੂਠ ਅਤੇ ਮਨਘੜ੍ਹਤ ਗੱਲਾਂ ਉੱਤੇ ਆਧਾਰਤ ਹੈ ਅਤੇ ਅਰਵਿੰਦ ਕੇਜਰੀਵਾਲ ਦੀ ਪਾਰਟੀ ਦੇ ਸਾਰੇ ਨੇਤਾ ਧੋਖੇਬਾਜ਼ੀ ਤੇ ਮੱਕਾਰੀ ਦੇ ਉਸਤਾਦ ਹਨ। ਉਨ੍ਹਾਂ ਕਿਹਾ ਕਿ ਚੀਮਾ ਦੇ ਦਾਅਵਿਆਂ ਤੋਂ ਉਲਟ ਮਾਰਚ 2017 ਵਿੱਚ ਉਨ੍ਹਾਂ ਦੀ ਸਰਕਾਰ ਆਉਣ ਤੋਂ ਲੈ ਕੇ ਰਾਜ ਵਿੱਚ ਫਿਰੌਤੀ ਲਈ ਅਗਵਾ ਦੇ ਸਿਰਫ਼ 38 ਕੇਸ ਰਿਪੋਰਟ ਹੋਏ ਹਨ ਅਤੇ ਸਾਲ 2017 ਤੋਂ ਫਿਰੌਤੀ ਲਈ ਅਗਵਾ ਦੇ ਦਰਜ ਸਿਰਫ਼ 38 ਕੇਸਾਂ (0.5 ਫ਼ੀਸਦੀ) ਨੂੰ ਸੁਲਝਾ ਲਿਆ ਅਤੇ ਹਰ ਘਟਨਾ ਦੇ ਪੀੜਤ ਦੀ ਰਿਹਾਈ ਸਫ਼ਲਤਾ ਪੂਰਵਕ ਹੋਈ ਤੇ ਹਰ ਕੇਸ ਵਿੱਚ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਗੰਭੀਰ ਅਪਰਾਧਿਕ ਕੇਸਾਂ ਦੀ ਤੇਜ਼ੀ ਨਾਲ ਨਿਗਰਾਨੀ ਕਰਕੇ ਕਈ ਕੇਸਾਂ ਵਿੱਚ ਸਜ਼ਾਵਾਂ ਵੀ ਹੋ ਗਈਆਂ ਹਨ।

# ਜਲ੍ਹਿਆਂਵਾਲਾ ਬਾਗ਼ ਦੇ ਇਤਿਹਾਸਕ ਢਾਂਚੇ ਦੇ ਵਿਗਾੜ ਦਾ ਸੁਧਾਰ ਕੀਤਾ ਜਾਵੇ : ਤਰਲੋਚਨ ਸਿੰਘ




ਅੰਮ੍ਰਿਤਸਰ, 7 ਸਤੰਬਰ (ਪੋਸਟ ਬਿਊਰੋ)- ਜਲ੍ਹਿਆਂਵਾਲਾ ਬਾਗ਼ ਨੈਸ਼ਨਲ ਮੈਮੋਰੀਅਲ ਟਰੱਸਟ ਦੇ ਮੈਂਬਰ ਤਰਲੋਚਨ ਸਿੰਘ ਨੇ ਕੇਂਦਰੀ ਸਭਿਆਚਾਰਕ ਮੰਤਰਾਲੇ ਦੇ ਸੈਕਟਰੀ ਰਘਵਿੰਦਰ ਸਿੰਘ ਨੂੰ ਪੱਤਰ ਭੇਜ ਕੇ ਜਲ੍ਹਿਆਂਵਾਲਾ ਬਾਗ਼ ਦੇ ਇਤਿਹਾਸਕ ਢਾਂਚੇ ਵਿੱਚ ਕੀਤੇ ਵਿਗਾੜ ਨੂੰ ਹਟਾ ਕੇ ਪਹਿਲੀ ਹਾਲਤ ਵਿੱਚ ਲਿਆਉਣ ਲਈ ਕਿਹਾ ਹੈ।

ਇਸ ਸਬੰਧ ਵਿੱਚ ਸਾਬਕਾ ਪਾਰਲੀਮੈਂਟ ਮੈਂਬਰ ਤਰਲੋਚਨ ਸਿੰਘ ਨੇ ਦੱਸਿਆ ਕਿ ਮੈਮੋਰੀਅਲ ਦੇ ਇੰਟਰੀ ਗੇਟ ਦੇ ਨਾਲ ਮੌਜੂਦ 'ਸ਼ਹੀਦੀ ਗਲੀ' ਨੂੰ ਨਵੀਨੀਕਰਨ ਵੇਲੇ 'ਵਿਰਾਸਤੀ ਗਲੀ' ਦਾ ਨਾਂਅ ਦੇਣ ਉੱਤੇ ਉਨ੍ਹਾਂ ਸਖ਼ਤ ਇਤਰਾਜ਼ ਹੈ। ਉਨ੍ਹਾਂ ਕਿਹਾ ਕਿ ਇਹ ਉਹੀ ਰਸਤਾ ਸੀ, ਜਿਸ ਰਾਹੀਂ 13 ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ ਕਾਤਲ ਜਨਰਲ ਆਰ ਈ ਐਚ ਡਾਇਰ ਆਪਣੀ ਫ਼ੌਜੀ ਟੁੱਕੜੀ ਨਾਲ ਬਾਗ਼ ਵਿੱਚ ਆਇਆ ਸੀ। ਉਨ੍ਹਾਂ ਕਿਹਾ ਕਿ ਉਕਤ ਗਲੀ ਵਿੱਚੋਂ ਉਭਰੀਆਂ ਕਲਾਕ੍ਰਿਤਾਂ ਉਤਾਰ ਕੇ ਉਸ ਨੂੰ ਪਹਿਲਾ ਰੂਪ ਦਿੱਤਾ ਜਾਵੇ ਅਤੇ ਮੈਮੋਰੀਅਲ ਦੇ ਬਹੁਤ ਸਾਰੇ ਭਵਨਾਂ ਦੇ ਬੰਦ ਕੀਤੇ ਦਰਵਾਜ਼ੇ ਤੇ ਖ਼ਿੜਕੀਆਂ ਖੋਲ੍ਹੇ ਜਾਣ ਤੇ ਗੈਲਰੀਆਂ ਵਿੱਚੋਂ ਚੁੱਕੀਆਂ ਸ਼ਹੀਦਾਂ ਦੀਆਂ ਤਸਵੀਰਾਂ ਨੂੰ ਸਨਮਾਨ-ਜਨਕ ਢੰਗ ਨਾਲ ਉਥੇ ਦੁਬਾਰਾ ਸਥਾਪਤ ਕੀਤਾ ਜਾਵੇ। ਉਨ੍ਹਾਂ ਉਕਤ ਪੱਤਰ ਵਿੱਚ ਬਾਗ਼ ਦੇ ਇੰਟਰੀ ਗੇਟ ਅੱਗੇ ਢਾਹੀ ਗਈ ਬੁਰਜੀ, ਜਿਸ ਉੱਤੇ ਇਹ ਜਾਣਕਾਰੀ ਦਰਜ ਸੀ ਕਿ ਇਸ ਜਗ੍ਹਾ ਖੜ੍ਹੇ ਹੋ ਕੇ ਡਾਇਰ ਨੇ ਗੋਲੀ ਚਲਾਉਣ ਦਾ ਹੁਕਮ ਦਿੱਤਾ ਸੀ ਤੇ ਸ਼ਹੀਦੀ ਖੂਹ ਦੇ ਨਜ਼ਦੀਕ ਸਾਕੇ ਬਾਰੇ ਜਾਣਕਾਰੀ ਦਿੰਦੀਆਂ ਬੁਰਜੀਆਂ ਨੂੰ ਹਟਾ ਕੇ ਉਨ੍ਹਾਂ ਦੀ ਜਗ੍ਹਾ ਫ਼ਰਸ਼ ਵਿੱਚ ਲਾਏ ਸੂਚਨਾ ਪੱਥਰਾਂ ਉੱਤੇ ਵੀ ਇਤਰਾਜ਼ ਕੀਤਾ ਤੇ ਬੁਰਜੀਆਂ ਦੀ ਮੁੜ ਉਸਾਰੀ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਬਾਗ਼ ਵਿੱਚੋਂ ਯਾਤਰੂਆਂ ਦੇ ਬਾਹਰ ਨਿਕਲਣ ਲਈ ਖੋਲ੍ਹਿਆ ਗਿਆ ਮਸਜਿਦ ਇਬਣ ਖ਼ਲੀਫ਼ਾ ਵੱਲ ਦਾ ਦਰਵਾਜ਼ਾ ਬੰਦ ਕੀਤਾ ਜਾਵੇ, ਕਿਉਂਕਿ ਇਸ ਨਾਲ ਲੋਕਾਂ ਵਿੱਚ ਸਾਕੇ ਵਾਲੇ ਦਿਨ ਦੇ ਅਸਲ ਤੱਥਾਂ ਬਾਰੇ ਭੰਬਲਭੂਸਾ ਪੈਦਾ ਹੁੰਦਾ ਹੈ। ਉਨ੍ਹਾਂ ਕਿਹਾ ਹੈ ਕਿ ਜਲ੍ਹਿਆਂਵਾਲਾ ਬਾਗ਼ ਮੈਮੋਰੀਅਲ ਵਿੱਚ ਸਾਰੀਆਂ ਜਾਣਕਾਰੀਆਂ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿੱਚ ਲਿਖੀਆਂ ਜਾਣ। ਟਰੱਸਟੀ ਤਰਲੋਚਨ ਸਿੰਘ ਨੇ ਇਸ ਗੱਲ ਉੱਤੇ ਵੀ ਜ਼ੋਰ ਦਿੱਤਾ ਹੈ ਕਿ ਮੈਮੋਰੀਅਲ ਦੇ ਇੰਟਰੀ ਗੇਟ ਨਾਲ ਲਾਏ ਟਿਕਟ ਕਾਊਂਟਰ ਹਟਾਏ ਜਾਣ ਕਿਉਂਕਿ ਇਸ ਨਾਲ ਲੋਕਾਂ ਵਿੱਚ ਪ੍ਰਚਾਰ ਹੋ ਰਿਹਾ ਹੈ ਕਿ ਅਗਲੇ ਦਿਨਾਂ ਵਿੱਚ ਏਥੇ ਦਾਖ਼ਲੇ ਉੱਤੇ ਲੋਕਾਂ ਪਾਸੋਂ ਟਿਕਟ ਖ਼ਰਚ ਲਿਆ ਜਾਵੇਗਾ। ਵਰਨਣ ਯੋਗ ਹੈ ਕਿ ਬਾਗ਼ ਦੇ ਮੁੱਖ ਦਰਵਾਜ਼ੇ ਦੇ ਨਾਲ 'ਬੇਨਿਨਕਾ' ਕੰਪਨੀ ਦੀਆਂ ਟਿਕਟ ਕੂਪਨ ਦੀਆਂ ਲੱਗਭਗ ਨੌਂ ਮਸ਼ੀਨਾਂ ਲਾਈਆਂ ਗਈਆਂ ਹਨ। ਲੋਕਾਂ ਦੇ ਵਿਰੋਧ ਕਾਰਨ ਹਾਲੇ ਇਨ੍ਹਾਂ ਨੂੰ ਸ਼ੁਰੂ ਨਹੀਂ ਕੀਤਾ ਗਿਆ।

# ਐਕਟਿਵਾ ਪਿੱਛੇ ਬੈਠੀ ਔਰਤ ਦੀਆਂ ਵਾਲੀਆਂ ਲੁਟੇਰਿਆਂ ਨੇ ਝਪਟੀਆਂ

ਮੱਲ੍ਹੀਆਂ ਕਲਾਂ, 7 ਸਤੰਬਰ (ਪੋਸਟ ਬਿਊਰੋ)- ਮੱਲ੍ਹੀਆਂ ਕਲਾਂ ਤੋਂ ਨਕੋਦਰ ਵੱਲ ਵੇਈਂ ਦੇ ਪੁੱਲ ਤੋਂ ਅੱਗੇ ਇੱਕ ਐਕਟਿਵਾ ਸਕੂਟਰੀ ਦੇ ਪਿੱਛੇ ਬੈਠੀ ਔਰਤ ਦੀਆਂ ਦੋ ਲੁਟੇਰਿਆਂ ਵੱਲੋਂ ਸੋਨੇ ਦੀਆਂ ਵਾਲੀਆਂ ਖੋਹਣ ਤੇ ਪੀੜਤ ਔਰਤ ਦੇ ਸੜਕ ਵਿੱਚ ਡਿੱਗਣ ਨਾਲ ਜ਼ਖ਼ਮੀ ਹੋ ਜਾਣ ਦਾ ਸਮਾਚਾਰ ਮਿਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਸੁਖਜਿੰਦਰ ਕੌਰ ਪਤਨੀ ਗੁਰਦਿਆਲ ਸਿੰਘ ਪਿੰਡ ਗਿੱਲ ਮੱਲ੍ਹੀਆਂ ਕਲਾਂ ਤੋਂ ਹੁੰਦੇ ਹੋਏ ਪਿੰਡ ਹੇਰਾਂ ਕਿਸੇ ਦੇ ਘਰ ਅਫਸੋਸ ਕਰਨ ਜਾ ਰਹੇ ਸਨ।ਪਿੱਛੋਂ ਆ ਰਹੇ ਮੋਟਰਸਾਈਕਲ ਦੇ ਇੱਕ ਸਵਾਰ ਨੇ ਔਰਤ ਦੀਆਂ ਵਾਲੀਆਂ ਖੋਹ ਲਈਆਂ ਤੇ ਪੀੜਤ ਔਰਤ ਸੜਕ ਉੱਤੇ ਡਿੱਗ ਕੇ ਜ਼ਖ਼ਮੀ ਹੋ ਗਈ। ਲੁਟੇਰੇ ਵਾਲੀਆਂ ਖੋਹ ਕੇ ਨਕੋਦਰ ਵੱਲ ਨੂੰ ਨਿਕਲ ਗਏ। ਉਕਤ ਔਰਤ ਨੇ ਦੱਸਿਆ ਕਿ ਲੁਟੇਰਿਆਂ ਦੇ ਗਲਾਂ ਵਿੱਚ ਚਿੱਟੇ ਰੰਗ ਦੇ ਪਰਨੇ ਪਾਏ ਹੋਏ ਸਨ। ਪੁਲਸ ਨੇ ਅਣਪਛਾਤੇ ਲੁਟੇਰਿਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

# ਤਾਮਿਲਨਾਡੂ ਵਾਲੇ ਗਵਰਨਰ ਨੂੰ ਪੰਜਾਬ ਦਾ ਵਾਧੂ ਚਾਰਜ ਦੇਣਾ ਚਰਚਾ ਦਾ ਵਿਸ਼ਾ ਬਣਿਆ

ਚੰਡੀਗੜ੍ਹ, 7 ਸਤੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਪੰਜਾਬ ਵਿੱਚ ਪੱਕਾ ਗਵਰਨਰ ਲਾਉਣ ਦੀ ਥਾਂ ਰਾਜ ਦੇ ਗਵਰਨਰ ਦਾ ਚਾਰਜ ਕਿਸੇ ਗੁਆਂਢੀ ਰਾਜ ਦੇ ਗਵਰਨਰ ਨੂੰ ਦੇਣ ਦੀ ਥਾਂ ਇਸ ਕੰਮ ਲਈ ਤਾਮਿਲਨਾਡੂ ਦੇ ਗਵਰਨਰ ਦੀ ਚੋਣ ਕਿਉਂ ਕੀਤੀ ਗਈ? ਇਹ ਸਵਾਲ ਕਈ ਹਲਕਿਆਂ ਲਈ ਚਰਚਾ ਦਾ ਵਿਸ਼ਾ ਬਣ ਗਿਆ ਹੈ।

ਵਰਨਣ ਯੋਗ ਹੈ ਕਿ ਅੱਜ ਤਕ ਲੋੜ ਪੈਣ ਉੱਤੇ ਪੰਜਾਬ ਦੇ ਗਵਰਨਰ ਦਾ ਵਾਧੂ ਚਾਰਜ ਗੁਆਂਢੀ ਰਾਜ ਹਰਿਆਣਾ ਅਤੇ ਇੱਕ ਦੋ ਵਾਰ ਹਿਮਾ-ਚਲ ਪ੍ਰਦੇਸ਼ ਦੇ ਗਵਰਨਰ ਨੂੰ ਦਿੱਤਾ ਗਿਆ ਸੀ, ਪਰ ਪੰਜਾਬ ਦਾ ਚਾਰਜ 25,50 ਕਿਲੋਮੀਟਰ ਦੂਰ ਦੇ ਗਵਰਨਰ ਨੂੰ ਦੇਣਾ ਹੈਰਾਨੀਜਨਕ ਜ਼ਰੂਰ ਹੈ। ਨਵੇਂ ਗਵਰਨਰ ਬਨਵਾਰੀ ਲਾਲ ਪੁਰੋਹਿਤ ਨੇ ਪੰਜਾਬ ਆਉਣ ਦੇ ਬਾਅਦ ਜਿਵੇਂ ਰਾਜ ਭਵਨ ਦੀ ਗੰਗਾ ਜਲ ਨਾਲ ਸ਼ੁੱਧੀਕਰਨ ਕਰਨ ਪਿੱਛੋਂ ਬਾਕਾਇਦਾ ਹਵਨ ਕਰਵਾ ਕੇ ਰਾਜ ਦੇ ਪ੍ਰਿੰਸੀਪਲ ਰੈਂਕ ਦੇ ਸਾਰੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਇੱਕ-ਇੱਕ ਅਧਿਕਾਰੀ ਨਾਲ ਨਿੱਜੀ ਜਾਣ ਪਛਾਣ ਕੀਤੀ, ਉਹ ਵੀ ਪਹਿਲੀ ਵਾਰ ਹੋਇਆ ਹੈ। ਦਿਲਚਸਪ ਗੱਲ ਇਹ ਹੈ ਕਿ ਗਵਰਨਰਨੇ ਮੀਟਿੰਗ ਲਈ ਕੇਵਲ ਸੀਨੀਅਰ ਅਧਿਕਾਰੀਆਂ ਨੂੰ ਬੁਲਾਇਆ ਸੀ, ਪਰ ਓਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਪੁੱਜ ਗਏ।

ਨਵੇਂ ਗਵਰਨਰ ਪੁਰੋਹਿਤ, ਜਿਨ੍ਹਾਂ ਦਾ ਸਿਆਸੀ ਤੇ ਸਮਾਜਿਕ ਖੇਤਰਦਾ



ਲੰਬਾ ਤਜ਼ਰਬਾ ਹੈ, ਮਹਾਰਾਸ਼ਟਰ ਵਿਚਲੇ ਨਾਗਪੁਰ ਪਾਰਲੀਮਾਨੀ ਹਲਕੇ ਤੋਂ ਤਿੰਨ ਵਾਰ ਪਾਰਲੀਮੈਂਟ ਮੈਂਬਰ ਰਹਿ ਚੁੱਕੇ ਹਨ, ਜਿਸ ਵਿੱਚੋਂ ਉਹ ਦੋ ਵਾਰ ਕਾਂਗਰਸ ਤੇ ਇੱਕ ਵਾਰ ਭਾਜਪਾ ਦੀ ਟਿਕਟ ਉੱਤੇ ਚੋਣ ਲੜੇ ਸਨ। ਇਸ ਤੋਂ ਇਲਾਵਾ ਉਹ ਦੋ ਵਾਰ ਕਾਂਗਰਸ ਟਿਕਟ ਉੱਤੇ ਵਿਧਾਇਕ ਵੀ ਬਣੇ ਅਤੇ ਮਹਾਰਾਸ਼ਟਰ ਸਰਕਾਰਦ ਮੰਤਰੀ ਵੀ ਰਹੇ ਸਨ। ਉਨ੍ਹਾ ਦਾ ਪਰਵਾਰ 100 ਸਾਲ ਪੁਰਾਣੇ ਰੋਜ਼ਾਨਾ ਅੰਗਰੇਜ਼ੀ ਅਖ਼ਬਾਰ 'ਹਿਤਵਾਦਾ' ਦਾ ਮਾਲਕ ਹੈ, ਜਿਸ ਨੂੰ ਇਸ ਵੇਲੇ ਉਨ੍ਹਾਂ ਦਾ ਇੱਕ ਬੇਟਾ ਚਲਾ ਰਿਹਾ ਹੈ। ਉਨ੍ਹਾਂ ਦਾ ਦੂਸਰਾ ਬੇਟਾ ਪਰਵਾਰਕ ਵਪਾਰ ਤੇ ਉਦਯੋਗਿਕ ਯੂਨਿਟ ਸੰਭਾਲਦਾ ਹੈ। ਰਾਜ ਦੇ ਜਿਨ੍ਹਾਂ ਸੀਨੀਅਰ ਅਧਿਕਾਰੀਆਂ ਨੇ ਨਵੇਂ ਗਵਰਨਰ ਨਾਲ ਮੁਲਾਕਾਤ ਕੀਤੀ ਹੈ, ਉਨ੍ਹਾਂ ਦਾ ਕਹਿਣਾ ਹੈ ਕਿ ਉਹ ਕਾਫ਼ੀ ਚੰਗੇ ਵਿਦਵਾਨ ਤੇ ਤਜ਼ਰਬੇਕਾਰ ਜਾਪਦੇ ਹਨ, ਜੋ ਹਰ ਮਿਲਣ ਵਾਲੇ ਉੱਤੇ ਪ੍ਰਭਾਵ ਛੱਡਦੇ ਹਨ। ਸਿਆਸੀ ਹਲਕਿਆਂ ਦਾ ਮੰਨਣਾ ਹੈ ਕਿ ਅਜਿਹੇ ਤਜਰਬੇਕਾਰ ਗਵਰਨਰ ਨੂੰ ਪੰਜਾਬ ਦਾ ਇਸ ਮੌਕੇ ਚਾਰਜ ਦੇਣ ਤੋਂ ਇੱਕ ਗੱਲ ਸਪੱਸ਼ਟ ਹੈ ਕਿ ਕੇਂਦਰ ਦੇ ਇਸ ਫ਼ੈਸਲੇ ਪਿੱਛੇ ਕੋਈ ਸੋਚ ਜ਼ਰੂਰ ਹੈ।

ਇਸ ਵਕਤ ਪੰਜਾਬ ਵਿੱਚ ਕਿਸਾਨ ਅੰਦੋਲਨ ਕਾਰਨ ਕੁਝ ਸਿਆਸੀ ਪਾਰਟੀਆਂ ਨੂੰ ਚੋਣ ਪ੍ਰਚਾਰ ਵਿੱਚ ਮੁਸ਼ਕਲਾਂ ਆ ਰਹੀਆਂ ਹਨ, ਜੋ ਅਗਲੇ ਦਿਨਾਂ ਦੌਰਾਨ ਵਧ ਸਕਦੀਆਂ ਹਨ ਅਤੇ ਰਾਜ ਵਿਚਲੀ ਅਮਨ ਕਾਨੂੰਨ ਦੀ ਸਥਿਤੀ, ਜਿਸ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖੁਦ ਕਈ ਵਾਰ ਗੰਭੀਰ ਦੱਸ ਕੇ ਕੇਂਦਰ ਤੋਂ ਕੇਂਦਰੀ ਸੁਰੱਖਿਆ ਦਸਤਿਆਂ ਦੀਆਂ 25 ਕੰਪਨੀਆਂ ਦੀ ਮੰਗ ਕਰ ਚੁੱਕੇ ਹਨ, ਕੇਂਦਰ ਲਈ ਵੀ ਵੱਡੀ ਚਿੰਤਾ ਦਾ ਵਿਸ਼ਾ ਹੋਵੇਗਾ।

# ਨਵਜੋਤ ਸਿੱਧੂ ਦੇ ਸਲਾਹਕਾਰ ਨੇ ਕਾਂਗਰਸ ਦੇ ਵ੍ਹਿਪ ਜਾਰੀ ਕਰਨ ਉਤੇ ਉਂਗਲ ਉਠਾਈ

ਚੰਡੀਗੜ੍ਹ, 7 ਸਤੰਬਰ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਦੇ ਤਿੰਨ ਸਤੰਬਰ ਦੇ ਵਿਸ਼ੇਸ਼ ਇਜਲਾਸ ਮੌਕੇ ਕਾਂਗਰਸ ਪਾਰਟੀ ਵੱਲੋਂ ਵ੍ਹਿਪ ਜਾਰੀ ਕਰਨ ਉੱਤੇ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਸਲਾਹਕਾਰ ਡਾਕਟਰ ਪਿਆਰੇ ਲਾਲ ਗਰਗ ਨੇ ਉਂਗਲ ਉਠਾਈ ਅਤੇ ਕਿਹਾ ਕਿ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਵਿੱਚ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਪੁਰਬ ਮਨਾਉਣਾ ਤਾਂ ਠੀਕ ਹੈ, ਪਰ ਕਾਂਗਰਸ ਵਿਧਾਨਕਾਰ ਪਾਰਟੀ ਵੱਲੋਂ ਵ੍ਹਿਪ ਜਾਰੀ ਕਰਨਾ ਗਲਤ ਹੈ।

ਡਾਕਟਰ ਗਰਗ ਨੇ ਕਿਹਾ ਕਿ ਭਾਰਤ ਧਰਮ ਨਿਰਪੱਖ ਮੁਲਕ ਹੈ ਤੇ ਸੰਵਿਧਾਨ ਵੀ ਧਰਮ ਨਿਰਪੱਖਤਾ ਉੱਤੇ ਪਹਿਰਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧਾਰਮਿਕ ਆਜ਼ਾਦੀ ਲਈ ਸੀਸ ਦਿੱਤਾ ਸੀ, ਪਰ ਕਾਂਗਰਸ ਨੇ ਵ੍ਹਿਪ ਜਾਰੀ ਕਰ ਕੇ ਧਰਮ ਦੇ ਨਾਂਅ ਉੱਤੇ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਵਿਧਾਇਕਾਂ ਨੂੰ ਮਜਬੂਰ ਕੀਤਾ ਹੈ।



ਉਨ੍ਹਾ ਨਿੱਜੀ ਹੈਸੀਅਤ ਵਿੱਚ ਗੱਲ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਵ੍ਹਿਪ ਜਾਰੀ ਕਰਨਾ ਦੇਸ਼ ਦੇ ਧਰਮ ਨਿਰਪੱਖ ਏਜੰਡੇ ਉੱਤੇ ਉਂਗਲ ਖੜ੍ਹੀ ਕਰਨਾ ਹੈ। ਗਰਗ ਨੇ ਕਿਹਾ ਕਿ ਵ੍ਹਿਪ ਦਾ ਮਤਲਬ ਹੈ ਕਿ ਵਿਧਾਇਕਾਂ ਨੂੰ ਸੈਸ਼ਨ ਵਿੱਚ ਸ਼ਾਮਲ ਹੋਣਾ ਪਵੇਗਾ ਤੇ ਵੋਟ ਪਾਉਣ ਲਈ ਮਜਬੂਰ ਹੋਣਾ ਪਵੇਗਾ। ਉਨ੍ਹਾ ਕਿਹਾ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਰੱਖੇ ਗਏ ਰਾਮ ਮੰਦਰ ਦੇ ਨੀਂਹ ਪੱਥਰ ਦੀ ਵੀ ਨਿੰਦਾ ਸੀ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਦਾ ਸੈਸ਼ਨ ਬੁਲਾਉਣਾ ਸੰਵਿਧਾਨਕ ਮਜਬੂਰੀ ਸੀ ਅਤੇ ਪ੍ਰਕਾਸ਼ ਪੁਰਬ ਮਨਾਉਣਾ ਗਲਤ ਨਹੀਂ, ਪਰ ਵ੍ਹਿਪ ਜਾਰੀ ਕਰਨਾ ਠੀਕ ਰਵਾਇਤ ਨਹੀਂ ਅਤੇ ਇਹ ਲੋਕ ਰਾਜ ਦਾ ਅਪਮਾਨ ਵੀ ਹੈ। ਸ੍ਰੀ ਗਰਗ ਨੇ ਸਪੱਸ਼ਟ ਕੀਤਾ ਕਿ ਉਹ ਨਵਜੋਤ ਸਿੱਧੂ ਦੇ ਸਲਾਹਕਾਰ ਦੇ ਤੌਰ ਉੱਤੇ ਨਹੀਂ ਸਗੋਂ ਨਿੱਜੀ ਪੱਧਰ ਉੱਤੇ ਇਹ ਆਖ ਰਹੇ ਹਨ।

ਦੂਜੇ ਪਾਸੇ ਕਾਂਗਰਸ ਵਿਧਾਨਕਾਰ ਪਾਰਟੀ ਦੇ ਚੀਫ ਵ੍ਹਿਪ ਅਤੇ ਵਿਧਾਇਕ ਹਰਦਿਆਲ ਸਿੰਘ ਕੰਬੋਜ ਨੇ ਕਿਹਾ ਕਿ ਡਾਕਟਰ ਪਿਆਰੇ ਲਾਲ ਗਰਗ ਉਨ੍ਹਾਂ ਨੂੰ ਕੋਈ ਸਲਾਹ ਨਾ ਦੇਣ, ਉਹ ਨਵਜੋਤ ਸਿੱਧੂ ਨੂੰ ਸਲਾਹ ਦੇਣ। ਵਿਧਾਨਕਾਰ ਪਾਰਟੀ ਕਿਵੇਂ ਚਲਾਉਣੀ ਹੈ, ਉਹ ਸੀ ਐਲ ਪੀ ਲੀਡਰ ਦੀਆਂ ਹਦਾਇਤਾਂ ਮੁਤਾਬਕ ਚੱਲੇਗੀ। ਉਨ੍ਹਾਂ ਕਿਹਾ ਕਿ ਡਾਕਟਰ ਗਰਗ ਨਵਾਂ ਵਿਵਾਦ ਛੇੜਨਾ ਚਾਹੁੰਦੇ ਹਨ। ਕੰਬੋਜ ਨੇ ਕਿਹਾ ਕਿ ਹਰ ਸੈਸ਼ਨ ਮੌਕੇ ਵਿਧਾਇਕਾਂ ਨੂੰ ਸੂਚਨਾ ਦੇਣ ਅਤੇ ਸਮੇਂ ਸਿਰ ਸੈਸ਼ਨ ਵਿੱਚ ਪਹੁੰਚਣ ਲਈ ਹਦਾਇਤ ਕੀਤੀ ਜਾਂਦੀ ਹੈ।

# ਐਮੀ ਵਿਰਕ ਨੇ ਗੀਤ ਵਿੱਚ ਰਸੂਲ ਸ਼ਬਦ ਵਰਤਣ ਦੀ ਮੁਆਫੀ ਮੰਗੀ

ਲੁਧਿਆਣਾ, 7 ਸਤੰਬਰ (ਪੋਸਟ ਬਿਊਰੋ)- ਫਿਲਮ 'ਸੁਫਨਾ' ਦੇ ਗੀਤ 'ਕਬੂਲ ਹੈ' ਵਿੱਚ 'ਰਸੂਲ' ਸ਼ਬਦ ਦੀ ਵਰਤੋਂ ਦੇ ਬਾਅਦ ਗਾਇਕ ਐਮੀ ਵਿਰਕ, ਗੀਤਕਾਰ ਜਾਨੀ ਅਤੇ ਪਿੰਕੀ ਧਾਲੀਵਾਲ ਨੇ ਕੱਲ੍ਹ ਨਾਇਬ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਨੂੰ ਮਿਲਕੇ ਇਸ ਗਲਤੀ ਲਈ ਮੁਆਫੀ ਮੰਗੀ ਹੈ।

ਐਮੀ ਵਿਰਕ ਉਦੋਂ ਵਿਵਾਦਾਂ ਵਿੱਚ ਘਿਰ ਗਿਆ ਸੀ, ਜਦੋਂ ਜਸਨੂਰ ਦੀ ਲੜਕੀ ਨੇ ਇਹ ਮਾਮਲਾ ਨਾਇਬ ਸ਼ਾਹੀ ਇਮਾਮ ਦੇ ਧਿਆਨ ਵਿੱਚ ਲਿਆ ਕੇ ਐਮੀ ਵਿਰਕ ਦੇ ਖਿਲਾਫ ਮੁਸਲਿਮ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਕੇਸ ਦਰਜ ਕਰਨ ਦੀ ਮੰਗ ਕੀਤੀ ਸੀ। ਇਸ ਮੌਕੇ ਐਮੀ ਵਿਰਕ, ਜਾਨੀ ਅਤੇ ਪਿੰਕੀ ਧਾਲੀਵਾਲ ਨੇ ਨਾਇਕ ਸ਼ਾਹੀ ਇਮਾਮ ਨਾਲ ਮੁਲਾਕਾਤ ਕਰ ਕੇ ਸਪੱਸ਼ਟ ਕੀਤਾ ਕਿ 'ਸੁਫਨਾ' ਫਿਲਮ ਦੇ ਗੀਤ 'ਕਬੂਲ' ਵਿੱਚ 'ਰਸੂਲ' ਸ਼ਬਦ ਦੀ ਵਰਤੋਂ ਅਣਜਾਣੇ ਵਿੱਚ ਹੋਈ ਹੈ। ਉਨ੍ਹਾਂ ਦੀ ਇਸ ਬਾਰੇ ਕੋਈ ਗਲਤ ਮਨਸ਼ਾ ਨਹੀਂ ਸੀ। ਜਾਨੀ ਨੇ ਕਿਹਾ ਕਿ ਉਨ੍ਹਾਂ ਲਈ ਸਾਰੇ ਧਰਮ ਸਤਿਕਾਰਯੋਗ ਹਨ। ਨਾਇਬ ਸ਼ਾਹੀ ਇਮਾਮ ਨੇ ਕਿਹਾ ਕਿ ਫਿਲਮ ਦੀ ਟੀਮ ਦਾ ਆਪਣੀ ਗਲਤੀ ਮੰਨ ਲੈਣਾ ਸਹੀ ਕਦਮ ਹੈ। ਸਮਾਜਿਕ ਤੌਰ ਉੱਤੇ ਇਨ੍ਹਾਂ ਦੋਵਾਂ ਨੇ ਆਪਣੀ ਗਲਤੀ ਮੰਨਦੇ ਹੋਏ ਭਵਿੱਖ ਵਿੱਚ ਇਨ੍ਹਾਂ ਗੱਲਾਂ ਦਾ ਖਾਸ ਧਿਆਨ ਰੱਖਣ ਦਾ ਵਾਅਦਾ ਕੀਤਾ ਹੈ। ਇਸ ਲਈ ਇਹ ਮਾਮਲਾ ਖਤਮ ਸਮਝਿਆ ਜਾਵੇ।



# ਸੁਮੇਧ ਸੈਣੀ ਨੂੰ ਜ਼ਮਾਨਤ ਮਾਮਲੇ 'ਤੇ ਹਾਈ ਕੋਰਟ ਵੱਲੋਂ ਨੋਟਿਸ ਜਾਰੀ

ਐਸ ਏ ਐਸ ਨਗਰ (ਮੁਹਾਲੀ), 7 ਸਤੰਬਰ (ਪੋਸਟ ਬਿਊਰੋ)- ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੇ ਬਹੁ ਚਰਚਿਤ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਨੂੰ ਅਗਾਊਂ ਜ਼ਮਾਨਤ ਦੇ ਕੇਸ ਵਿੱਚ ਨੋਟਿਸ ਜਾਰੀ ਕਰ ਕੇ ਸੱਤ ਅਕਤੂਬਰ ਤਕ ਆਪਣਾ ਜਵਾਬ ਦਾਖਲ ਕਰਨ ਲਈ ਕਿਹਾ ਹੈ।

ਪਿਛਲੇ ਦਿਨੀਂ ਪੰਜਾਬ ਸਰਕਾਰ ਨੇ ਪਟੀਸ਼ਨ ਦਾਇਰ ਕਰ ਕੇ ਸੁਮੇਧ ਸਿੰਘ ਸੈਣੀ ਦੀ ਜ਼ਮਾਨਤ ਰੱਦ ਕਰਨ ਦੀ ਮੰਗ ਕੀਤੀ ਸੀ। ਕੱਲ੍ਹਕੇਸ ਦੀ ਸੁਣਵਾਈ ਦੌਰਾਨ ਸਰਕਾਰੀ ਅਤੇ ਬਚਾਅ ਪੱਖ ਦੇ ਵਕੀਲਾਂ ਵਿਚਕਾਰ ਬਹਿਸ ਹੋਈ। ਇਸ ਮੌਕੇ ਪੰਜਾਬ ਸਰਕਾਰ ਨੇ ਆਪਣੀ ਪਟੀਸ਼ਨ ਵਿੱਚ ਸਾਬਕਾ ਡੀ ਜੀ ਪੀ ਉੱਤੇ ਅਦਾਲਤ ਦੇ ਹੁਕਮਾਂ ਦੀ ਸਹੀ ਤਰ੍ਹਾਂ ਪਾਲਣਾ ਨਾ ਕਰਨ ਦਾ ਦੋਸ਼ ਲਾਇਆ ਹੈ। ਵਿਜੀਲੈਂਸ ਬਿਊਰੋ ਨੇ ਸੁਮੇਧ ਸੈਣੀ ਦੇ ਖਿਲਾਫ ਆਮਦਨ ਤੋਂ ਵੱਧ ਜਾਇਦਾਦ ਬਣਾਉਣ, ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀ ਨੂੰ ਅਮੀਰ ਬਣਾਉਣ ਅਤੇ ਦੋਵਾਂ ਦੇ ਖਾਤਿਆਂ ਵਿੱਚ ਕਰੋੜਾਂ ਰੁਪਏ ਦੇ ਲੈਣ-ਦੇਣ ਦੇ ਦੋਸ਼ ਲਾਏ ਹਨ।ਸਰਕਾਰੀ ਵਕੀਲ ਨੇ ਅਦਾਲਤ ਦੇ ਧਿਆਨ ਵਿੱਚ ਲਿਆਂਦਾ ਕਿ 12 ਅਗਸਤ ਨੂੰ ਸੁਮੇਧ ਸੈਣੀ ਦੀ ਅਗਾਊਂ ਜ਼ਮਾਨਤ ਮਨਜ਼ੂਰ ਕਰ ਕੇ ਉਸ ਨੂੰ ਸੱਤ ਦਿਨਾਂ ਦੇ ਅੰਦਰ ਵਿਜੀਲੈਂਸ ਜਾਂਚ ਵਿੱਚ ਸ਼ਾਮਲ ਹੋਣ ਨੂੰ ਕਿਹਾ ਗਿਆ ਸੀ, ਪਰੰਤੂ ਸਾਬਕਾ ਡੀ ਜੀ ਪੀ ਸੱਤ ਦਿਨਾਂ ਦੀ ਮਿਆਦ ਦੇ ਆਖਰੀ ਦਿਨ ਦੇਰ ਰਾਤ ਵਿਜੀਲੈਂਸ ਬਿਊਰੋ ਦੇ ਮੁਹਾਲੀ ਦੇ ਮੁੱਖ ਦਫਤਰ ਵਿੱਚ ਪਹੁੰਚੇ, ਜਿਸ ਤੋਂ ਸਪੱਸ਼ਟ ਹੈ ਕਿ ਸੈਣੀ ਨੇ ਅਦਾਲਤ ਦੇ ਹੁਕਮਾਂ ਦੀ ਇੰਨ-ਬਿੰਨ ਪਾਲਣਾ ਨਹੀਂ ਕੀਤੀ। ਸਰਕਾਰੀ ਵਕੀਲ ਨੇ ਸੈਣੀ ਦੀ ਗ੍ਰਿਫਤਾਰੀ ਨੂੰ ਜਾਇਜ਼ ਦਸਦਿਆਂ ਕਿਹਾ ਕਿ ਉਸ ਨੂੰ ਦਿੱਤੀ ਅਗਾਊਂ ਜ਼ਮਾਨਤ ਰੱਦ ਕੀਤੀ ਜਾਵੇ ਤਾਂ ਜੋ ਉਸ ਨੂੰ ਹਿਰਾਸਤ ਵਿੱਚ ਲੈ ਕੇ ਡੂੰਘਾਈ ਨਾਲ ਪੁੱਛ-ਪੜਤਾਲ ਕੀਤੀ ਜਾ ਸਕੇ।

ਬਚਾਅ ਪੱਖ ਦਾ ਕਹਿਣਾ ਸੀ ਕਿ ਅਦਾਲਤ ਦੇ ਹੁਕਮਾਂ ਉੱਤੇ ਸੁਮੇਧ ਸੈਣੀ ਵਿਜੀਲੈਂਸ ਕੋਲ ਜਾਂਚ ਵਿੱਚ ਸ਼ਾਮਲ ਹੋਣ ਗਏ ਸਨ, ਪਰ ਉਨ੍ਹਾਂ ਨੂੰ ਗਲਤ ਤਰੀਕੇ ਨਾਲ ਕਿਸੇ ਹੋਰ ਪੁਰਾਣੇ ਕੇਸ ਵਿੱਚ ਗ੍ਰਿਫਤਾਰ ਕਰ ਲਿਆ ਗਿਆ। ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਹਾਈ ਕੋਰਟ ਨੇ ਸਾਬਕਾ ਡੀ ਜੀ ਪੀ ਨੂੰ 13 ਅਕਤੂਬਰ ਲਈ ਨੋਟਿਸ ਜਾਰੀ ਕਰਦਿਆਂ ਉਸ ਦੇ ਵਕੀਲ ਨੂੰ ਪੁੱਛਿਆ ਕਿ ਕਿਉਂ ਨਾ ਉਨ੍ਹਾਂ ਦੇ ਮੁਵੱਕਿਲ ਦੀ ਅਗਾਊਂ ਜ਼ਮਾਨਤ ਰੱਦ ਕੀਤੀ ਜਾਵੇ।

ਇਸ ਦੌਰਾਨ ਕੋਟਕਪੂਰਾ ਗੋਲੀ ਕਾਂਡ ਵਿੱਚ ਦੋਸ਼ੀ ਵਜੋਂ ਨਾਮਜ਼ਦ ਸਾਬਕਾ ਡੀ ਜੀ ਪੀ ਸੁਮੇਧ ਸਿੰਘ ਸੈਣੀ,



ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਅਤੇ ਸਾਬਕਾ ਪੁਲਸ ਅਧਿਕਾਰੀ ਚਰਨਜੀਤ ਸ਼ਰਮਾ ਆਪਣੀ ਆਵਾਜ਼ ਦੇ ਨਮੂਨੇ ਦੇਣ ਲਈ ਫੋਰੈਂਸਿਕ ਲੈਬਾਰਟਰੀ ਦਿੱਲੀ ਵਿੱਚ ਨਹੀਂ ਪਹੁੰਚੇ। ਵਿਸ਼ੇਸ਼ ਜਾਂਚ ਟੀਮ ਨੇ ਇਨ੍ਹਾਂ ਤਿੰਨਾਂ ਨੂੰ ਲਿਖਤੀ ਤੌਰ ਉੱਤੇ ਸੂਚਿਤ ਕੀਤਾ ਸੀ ਕਿ ਜਾਂਚ ਟੀਮ ਪੁਲਸ ਅਧਿਕਾਰੀਆਂ ਦੀ ਮੋਬਾਈਲ ਕਾਲ ਰਿਕਾਰਡਿੰਗ ਦਾ ਮਿਲਾਣ ਉਨ੍ਹਾਂ ਦੀ ਆਵਾਜ਼ ਨਾਲ ਕਰਨਾ ਚਾਹੁੰਦੀ ਹੈ, ਇਸ ਲਈ ਉਨ੍ਹਾਂਨੂੰ ਛੇ ਸਤੰਬਰ ਨੂੰ ਫੋਰੈਂਸਿਕ ਲੈਬਾਰਟਰੀ ਨਵੀਂ ਦਿੱਲੀ ਵਿੱਚ ਖੁਦ ਹਾਜ਼ਰ ਹੋਣ ਲਈ ਕਿਹਾ ਸੀ, ਪਰ ਉਕਤ ਪੁਲਸ ਅਧਿਕਾਰੀਆਂ ਦੀ ਗੈਰ ਹਾਜ਼ਰੀ ਕਾਰਨ ਆਵਾਜ਼ ਦੀ ਜਾਂਚ ਨਹੀਂ ਹੋ ਸਕੀ।

ਜਾਣਕਾਰ ਸੂਤਰਾਂ ਅਨੁਸਾਰ 13 ਅਤੇ 14 ਅਕਤੂਬਰ 2015 ਦੀ ਰਾਤ ਮੌਕੇ ਉੱਤੇ ਮੌਜੂਦ ਕੁਝ ਸੀਨੀਅਰ ਪੁਲਸ ਅਧਿਕਾਰੀਆਂ ਨਾਲ ਗੱਲਬਾਤ ਹੋਈ ਸੀ। ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਕਰਦੀ ਟੀਮ ਨੂੰ ਕੁਝ ਪੁਲਸ ਅਧਿਕਾਰੀਆਂ ਦੀ ਗੱਲਬਾਤ ਦੀ ਰਿਕਾਰਡਿੰਗ ਮਿਲੀ ਹੈ, ਜਿਸ ਦੀ ਜਾਂਚ ਫੋਰੈਂਸਿਕ ਲੈਬ ਵਿੱਚ ਹੋਣੀ ਹੈ। ਇਸ ਤੋਂ ਪਹਿਲਾਂ ਜਾਂਚ ਟੀਮ ਨੇ ਇਨ੍ਹਾਂ ਪੁਲਸ ਅਧਿਕਾਰੀਆਂ ਦਾ ਨਾਰਕੋ ਅਤੇ ਲਾਈਡਿਟੈਕਟ ਟੈਸਟ ਕਰਵਾਉਣ ਲਈ ਅਦਾਲਤ ਵਿੱਚ ਅਰਜ਼ੀ ਦਿੱਤੀ ਸੀ, ਪਰ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਨੇ ਆਪਣਾ ਨਾਰਕੋ ਅਤੇ ਲਾਈਡਿਟੈਕਟ ਟੈਸਟ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਸੀ। ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਨੇ ਆਪਣਾ ਟੈਸਟ ਕਰਵਾਉਣ ਦੀ ਹਾਮੀ ਭਰੀ, ਪਰ ਇਹ ਦੋਵੇਂ ਟੈਸਟ ਵੀ ਅਜੇ ਤਕ ਨਹੀਂ ਹੋ ਸਕੇ। ਕੱਲ੍ਹ ਕੋਟਕਪੂਰਾ ਗੋਲੀ ਕਾਂਡ ਦੀ ਸੁਣਵਾਈ ਵੀ 17 ਸਤੰਬਰ ਤਕ ਟਲ ਗਈ ਹੈ। ਵਧੀਕ ਸੈਸ਼ਨ ਜੱਜ ਹਰਬੰਸ ਸਿੰਘ ਲੇਖੀ ਦੀ ਅਦਾਲਤ ਵਿੱਚ ਚੱਲਦੇ ਇਸ ਕੇਸ ਵਿੱਚ ਸੁਮੇਧ ਸੈਣੀ, ਪਰਮਰਾਜ ਸਿੰਘ ਉਮਰਾਨੰਗਲ ਅਤੇ ਚਰਨਜੀਤ ਸ਼ਰਮਾ ਹਾਜ਼ਰ ਨਹੀਂ ਹੋਏ। ਅਦਾਲਤ ਇਸ ਮਾਮਲੇ ਵਿੱਚ ਅਗਲੀ ਸੁਣਵਾਈ 17 ਸਤੰਬਰ ਨੂੰ ਕਰੇਗੀ।

NEED A LAWYER ??

KAUR LAW OFFICE

Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ShergGill Law Firm
Barrister, Solicitor & Notary Public

Services:
*Real Estate
*Residential, Commercial & Franchise
*Criminal Law
*Family Law
*Affidavit, Power Of Attorney & Notarization
*Immigration Matters

Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6



Emergency Contact:
416.910.5676
www.shergilllawfirm.ca

